# ਪਰਬਤੁ ਮੇਰਾਣੁ

## ਜੀਵਨੀ ਗੁਰੂ ਅਮਰਦਾਸ ਜੀ

ਲੇਖਕ
ਸਤਬੀਰ ਸਿੰਘ

**ਨਿਊ ਬੁੱਕ ਕੰਪਨੀ**
ਮਾਈ ਹੀਰਾਂ ਗੇਟ, ਜਲੰਧਰ-144 008

PARBAT MAIRAN (Biography of Guru Amar Dass Ji)
*by* SATBIR SINGH

Published by :
Mehtab Singh, Proprietor, New Book Co., Mai Hiran Gate, Jalandhar.
Ph : 0181-2280045, 2284325, 3293190

© ਲੇਖਕ

ISBN : 81-87476-33-8

ਪਹਿਲੀ ਵਾਰ : 1978, ਦੂਜੀ ਵਾਰ : 1979, ਤੀਜੀ ਵਾਰ : 1983, ਚੌਥੀ ਵਾਰ : 1990,
ਪੰਜਵੀਂ ਵਾਰ : 1997, ਛੇਵੀਂ ਵਾਰ : 2003, ਸਤਵੀਂ ਵਾਰ : 2007

ਮੁੱਲ : **85** ਰੁਪਏ

ਸਰਵਰਕ : ਸੁਖਵੰਤ

ਪ੍ਰਕਾਸ਼ਕ : ਮਹਿਤਾਬ ਸਿੰਘ, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ।
Ph : 2280045, 3293190, 2284325
Fax : 0181-2234081
E-mail : contact@newbookcompany.com
Website : www.newbookcompany.com

ਛਾਪਕ : ਸਰਤਾਜ ਪ੍ਰਿੰਟਰਜ਼, ਜੋਸ਼ੀ ਅਸਟੇਟ, ਸੋਢਲ ਰੋਡ, ਜਲੰਧਰ।

ਟਾਈਪ ਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ।

## ਸਮਰਪਣ

ਭਾਈ ਪਾਰੋ ਪਰਮ ਹੰਸ

ਨੂੰ

ਜਿਨ੍ਹਾਂ ਸ਼ਰਧਾ ਦੀ ਹੱਦ

'ਮੋਕੋ ਗੁਰਸਿੱਖੀ ਮਨ ਭਾਵੈ'

ਕਹਿ ਕੇ

ਦਰਸਾਈ

# ਸਮਰਥ ਗੁਰੂ ਸਿਰਿ ਹਥੁ ਧਰਿਅਉ

ਗੁਰਿ ਕੀਨੀ ਕਿਰਪਾ ਅਤੇ 'ਪਰਬਤੁ ਮੇਰਾਣੁ' ਵੀ ਛਪ ਕੇ ਪਾਠਕਾਂ ਹੱਥ ਪੁੱਜੀ। ਮੇਹਰ ਦਾ ਹੱਥ ਇਸੇ ਤਰ੍ਹਾਂ ਰਿਹਾ ਤਾਂ 'ਅਸ਼ਟਮ ਬਲਬੀਰਾ' (ਗੁਰੂ ਹਰਿਕ੍ਰਿਸ਼ਨ ਜੀ) ਅਤੇ ਕੁਦਰਤੀ ਨੂਰ (ਜੀਵਨੀ ਗੁਰੂ ਅੰਗਦ ਦੇਵ ਜੀ) ਅਗਲੇ ਸਾਲ ਦੇ ਮੱਧ ਵਿਚ ਛੱਪ ਕੇ ਪਾਠਕਾਂ ਹੱਥ ਦੇ ਕੇ ਅਸੀਸਾਂ ਲਵਾਂਗਾ। ੧੯੮੦ ਤੱਕ ਨਿਰਭਉ-ਨਿਰਵੈਰ (ਗੁਰੂ ਹਰਿ ਰਾਇ ਜੀ) ਅਤੇ 'ਪੂਰੀ ਹੋਈ ਕਰਾਮਾਤਿ' (ਗੁਰੂ ਅਮਰਦਾਸ ਜੀ) ਵੀ ਛੱਪ ਕੇ ਤਿਆਰ ਹੋ ਜਾਣਗੀਆਂ। ਇਸ ਤਰ੍ਹਾਂ ਜੋ ਸੰਕਲਪ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪਾਉਂਟਾ ਸਾਹਿਬ ਕੈਂਪ ਵਿਖੇ ੧੯੫੦ ਨੂੰ ਲਿਆ ਸੀ, ਗੁਰੂ ਮੇਹਰ ਸਦਕਾ ਸਾਕਾਰ ਹੋ ਜਾਵੇਗਾ। ਸਰਦਾਰ ਸਰੂਪ ਸਿੰਘ ਜੀ ਨੇ ਕਲਮ ਹੱਥ ਪਕੜਾ ਕੇ ਜੋ ਜ਼ਿਮੇਂਵਾਰੀ ਸੌਂਪੀ ਸੀ, ਉਸ ਨੂੰ ਨਿਭਾ ਕੇ ਜਿਥੇ ਥੋੜ੍ਹਾ ਜਿਹਾ ਸੁਰਖਰੂ ਹੋ ਰਿਹਾ ਹਾਂ ਉਥੇ ਮੈਂ ਉਨ੍ਹਾਂ ਦਾ ਸਦਾ ਰਿਣੀ ਹਾਂ ਜਿਨ੍ਹਾਂ ਇਸ ਪੰਧ 'ਤੇ ਪਾਇਆ ਜਿਸ 'ਤੇ ਜੁਲੰਦੜਿਆਂ ਠੰਡਕ ਹੀ ਠੰਡਕ ਹੈ।

ਇਹ ਲਿਖਣ ਤੇ ਕਹਿਣ ਵਿਚ ਮੈਨੂੰ ਰਤਾ ਵੀ ਸੰਕੋਚ ਨਹੀਂ ਕਿ ਸਰਦਾਰ ਇੰਦਰਜੀਤ ਸਿੰਘ, ਚੇਅਰਮੈਨ ਪੰਜਾਬ ਐਂਡ ਸਿੰਧ ਬੈਂਕ ਦਾ ਮੈਨੂੰ ਸਨੇਹ ਪਹਿਲੀ ਵਾਰੀ ਗਵਾਲੀਅਰ ਵਿਖੇ ਮਿਲਿਆ ਸੀ ਅਤੇ ਸਮੇਂ ਨਾਲ ਉਹ ਨਿਤ-ਨਿਤ ਸਵਾਇਆ ਹੀ ਹੁੰਦਾ ਰਿਹਾ। ਉਨ੍ਹਾਂ ਮੈਨੂੰ ਕਦੇ ਪਿੱਛੇ ਨਹੀਂ ਦੇਖਣ ਦਿੱਤਾ। ਦਸ ਜਿਲਦਾਂ ਵਿਚ ਦਸ ਪਾਤਸ਼ਾਹੀਆਂ ਦਾ ਇਤਿਹਾਸ ਤਕਰੀਬਨ ਢਾਈ ਹਜ਼ਾਰ ਸਫ਼ਿਆਂ ਵਿਚ ਮੁਕੰਮਲ ਹੋਣ 'ਤੇ ਉਨ੍ਹਾਂ ਪ੍ਰੇਰਨਾ ਦਿੱਤੀ ਹੈ ਕਿ ਹੁਣ ਪੰਜ ਜਿਲਦਾਂ, ਢਾਈ ਹਜ਼ਾਰ ਸਫ਼ੇ ਵਿਚ ਹੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ, ਇਤਿਹਾਸਕ, ਪਰਮਾਰਥਕ, ਸੰਗੀਤਕ, ਸੰਕੇਤਾਮਕ ਗੌਰਵ ਲਿਖ ਉਘਾੜ ਪੰਥ ਤੱਕ ਪਹੁੰਚਾਇਆ ਜਾਏ। ਇਹ ਕਾਰਜ ਵੀ ਆਰੰਭ ਦਿੱਤਾ ਹੈ ਅਤੇ ਪਹਿਲੀ ਜਿਲਦ 'ਸੰਗੀਤਕ ਅਤੇ ਸੰਕੇਤਾਮਿਕ' ਪੱਖ ਛੇਤੀ ਹੀ ਛਾਪ ਪਾਠਕਾਂ ਦੇ ਹੱਥ ਦੇ ਰਿਹਾ ਹਾਂ।

'ਪਰਬਤੁ ਮੇਰਾਣੁ', ਜੀਵਨੀ ਦੇ ਦ੍ਰਿਸ਼ਟੀਕੋਣ ਤੋਂ ਨਵਾਂ ਨਵੇਕਲਾ ਤਜਰਬਾ ਹੀ ਹੈ। ਸਭ ਪੁਰਾਤਨ ਲੱਭਤਾਂ, ਲਿਖਤਾਂ ਨੂੰ ਪੁਣ-ਛਾਣ ਕੇ ਉਹ ਵੀ ਪਾਠਕਾਂ ਸਾਹਮਣੇ ਲਿਆਂਦੀਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਗੁਰੂ ਅਮਰਦਾਸ ਜੀ ਦੀ ਮਹਾਨ ਸ਼ਖਸੀਅਤ ਅਤੇ ਦੇਣ ਅੱਗੇ ਸਿਰ ਝੁੱਕੇ। ਕੋਈ ਖਾਇਕ ਉਨ੍ਹਾਂ ਦੀ ਬਖ਼ਸ਼ਿਸ਼ਾਂ ਦਾ ਵਰਨਣ ਨਹੀਂ ਕਰ ਸਕਦਾ। ਇਹ ਤਾਂ ਸਾਗਰ ਕੰਢੇ ਖਲੋ ਨਜ਼ਾਰਾ ਦੇਖਣ ਤੁਲ ਹੈ। ਇਸ ਪੁਸਤਕ ਵਿਚ ਨਿਰੋਲ ਨਜ਼ਾਰੇ ਦਾ ਹੀ ਝਲਕਾਰਾ ਹੈ। ਗੁਰੂ ਅਮਰਦਾਸ ਜੀ ਦੇ ਪੰਜ ਸੌ ਵਰ੍ਹੇ ਗੰਢ 'ਤੇ ਇਹ ਇਕ ਨਿਮਾਣਾ ਜਿਹਾ ਢੋਆ ਹੈ। ਯਾਦ ਰਵ੍ਹੇ ਕਿ ੧੯੭੯ ਵਾਲਾ ਸਾਲ ਗੁਰੂ ਅਮਰਦਾਸ ਜੀ ਦਾ ਪੰਜ ਸੌਵਾਂ ਪ੍ਰਕਾਸ਼ ਵਰ੍ਹਾ ਹੈ।

'ਪਰਬਤੁ ਮੇਰਾਣੁ' ਲਿਖਦੇ ਇਹ ਸੰਭਾਲ ਰੱਖੀ ਹੈ ਕਿ ਇਤਿਹਾਸਕ ਪੱਖ ਓਹਲੇ ਨਾਂਹ ਹੋਵੇ। 'ਟਹਲ ਤੋਂ ਮਹਲ' ਵਾਲੇ ਅਧਿਆਇ ਵਿਚ ਬਾਰਾਂ ਸਾਲਾਂ ਦੀ ਕਠਿਨ ਘਾਲ ਉਲੀਕੀ ਹੈ। ਬਾਈ ਮੰਜੀਆਂ ਦੇ